**CLASS : 10th (Secondary)** **Code No. 2111**

**Series : Sec/Annual Exam.-2025**

*Roll No.* | | | | | | | | | | |

**SET : B**

# ਪੰਜਾਬੀ

## PUNJABI

*(Academic/Open)*

(Only for Fresh/Re-appear/Improvement/Additional Candidates)

***ਸਮਾਂ : 3 ਘੰਟੇ ]*** ***[ ਕੁਲ ਅੰਕ : 80***

- *ਕ੍ਰਿਪਆ ਜਾਂਚ ਕਰ ਲਓ ਕਿ ਇਸ ਪ੍ਰਸਨ-ਪੱਤਰ ਵਿੱਚ ਛੱਪੇ ਪੰਨਿਆ ਦੀ ਸੰਖ਼ਿਆ **8** ਅਤੇ ਪ੍ਰਸ਼ਨ **18** ਹਨ।*
- *ਪ੍ਰਸ਼ਨ-ਪੱਤਰ ਵਿੱਚ ਸੱਜੇ ਪਾਸੇ ਦਿੱਤੇ ਹੋਏ **ਕੋਡ ਨੰ.** ਅਤੇ **ਸੇਟ** ਨੂੰ ਵਿਦਿਆਰਥੀ ਉੱਤਰ-ਪੁਸਤਿਕਾ ਦੇ ਮੁੱਖ਼ ਪੰਨੇ ਤੇ ਲਿਖ਼ਨ।*
- *ਕ੍ਰਿਪਆ ਪ੍ਰਸ਼ਨ ਦਾ ਉੱਤਰ ਲਿਖ਼ਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜਰੂਰ ਲਿਖ਼ੋ।*
- *ਆਪਣੀ ਉੱਤਰ-ਪੁਸਤਿਕਾ ਵਿੱਚ ਖ਼ਾਲੀ ਪੰਨਾ/ਪੰਨੇ ਨਾ ਛੱਡੋ।*
- *ਉੱਤਰ-ਪੁਸਤਿਕਾ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ। ਇਸ ਲਈ ਢੁਕਵੇਂ ਹੀ ਲਿਖ਼ੋ ਅਤੇ ਲਿਖ਼ਿਆ ਉੱਤਰ ਨਾ ਕੱਟੋ।*
- *ਪ੍ਰੀਖਿਆਰਥੀ ਆਪਣਾ ਰੋਲ ਨੰ. ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ। ਰੋਲ ਨੰਬਰ ਨੂੰ ਛੱਡ ਕੇ ਪ੍ਰਸ਼ਨ ਪੱਤਰ 'ਤੇ ਕੁਝ ਨਾ ਲਿਖੋ ਅਤੇ ਵਿਕਲਪਿਕ ਪ੍ਰਸ਼ਨਾਂ ਦੇ ਉੱਤਰਾਂ 'ਤੇ ਕੋਈ ਨਿਸ਼ਾਨ ਨਾ ਬਣਾਓ।*
- *ਕ੍ਰਿਪਆ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਵੇਖ ਲੋ ਕਿ ਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ। **ਪਰੀਖਿਆ ਦੇ ਬਾਅਦ ਇਸ ਸੰਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਏਗਾ।***

***ਨੋਟ :*** ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲੀ-ਖੁੱਲੀ ਕਰਨ ਦਾ ਜਤਨ ਕਰੋ। ***ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।***

**ਭਾਗ – ੳ**

**1.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਵਿੱਚੋਂ ***ਸਹੀ*** ਉੱਤਰ ਚੁਣ ਕੇ ਲਿਖੋ :

(i) 'ਮੋਹਨ ਸਕੂਲ ਜਾਂਦਾ ਹੈ।' ਇਸ ਵਾਕ ਵਿੱਚ ਖਾਸ ਨਾਵ ਕਿਹੜਾ ਹੈ? 1

(ੳ) ਜਾਂਦਾ (ਅ) ਮੋਹਨ

(ੲ) ਹੈ (ਸ) ਸਕੂਲ

(ii) 'ਰਾਮ ਰੋਟੀ ਖਾਂਦਾ ਹੈ' ਕਿਹੜਾ ਕਾਰਕ ਹੈ? 1

(ੳ) ਅਧਿਕਰਨ ਕਾਰਕ

(ਅ) ਕਰਮ ਕਾਰਕ

(ੲ) ਕਰਨ ਕਾਰਕ

(ਸ) ਕਰਤਾ ਕਾਰਕ

(iii) ਸ਼ੁੱਧ ਸ਼ਬਦ ਚੁਣੋ : 1

(ੳ) ਦਕੁਾਨ (ਅ) ਦਿਕਾਨ

(ੲ) ਦੁਕਾਨ (ਸ) ਦੂਕਾਨੀ

(iv) ਉਲਟੇ .................... ਬਰੇਲੀ ਨੂੰ। ਅਖਾਣ ਪੂਰੀ ਕਰੋ। 1

(ੳ) ਬਾਂਸ

(ਅ) ਸਕੂਲ

(ੲ) ਕਿਤਾਬ

(ਸ) ਹਾਥੀ

**2.** (i) 'ਉਪ' ਅਗੇਤਰ ਤੋਂ ਇੱਕ ਸ਼ਬਦ ਬਣਾਓ। 1

(ii) 'ਹੀਣ' ਪਿਛੇਤਰ ਤੋਂ ਇੱਕ ਸ਼ਬਦ ਬਣਾਓ। 1

(iii) ਚੰਗੇ ਲੋਕ ਦੂਜਿਆਂ ਦਾ ਭਲਾ ਕਰਦੇ ਹਨ। (ਹਾਂ ਵਾਚਕ ਤੋਂ ਨਾਂ ਵਾਚਕ ਵਾਕ ਬਣਾਓ) 1

(iv) ਆਪਣਾ ਸਿਰਨਾਮਾ ਦੱਸੋ। (ਪ੍ਰਸ਼ਨ ਵਾਚਕ ਵਾਕ ਬਣਾਓ) 1

**3.** ਹੇਠ ਲਿਖੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :

ਮਨੁੱਖੀ ਸ਼ਰੀਰ ਕੰਮ ਕਰਨ ਲਈ ਬਣਿਆਂ ਹੈ। ਕੰਮ ਨਾਂ ਕਰਨਾ ਸ਼ਰੀਰ ਦੇ ਗੁਣ ਨੂੰ ਅਕਾਰਥ ਗੁਆਉਣਾ ਹੈ। ਜਿਹੜਾ ਸ਼ਰੀਰ ਮੁਸ਼ੱਕਤ ਵਿੱਚ ਪੈਂਦਾ ਹੈ, ਕਦੇ ਵੀ ਰੋਗੀ ਨਹੀਂ ਬਣ ਸਕਦਾ। ਜਿਹੜਾ ਸ਼ਰੀਰ ਕੰਮ ਨਹੀਂ ਕਰਦਾ, ਉਹ ਕੁਦਰਤ ਦੇ ਵਿਰੁੱਧ ਹੈ। ਕੰਮ ਹੀ ਸਾਡੇ ਸ਼ਰੀਰ ਨੂੰ ਸੁਖੀ ਅਤੇ ਅਰੋਗ ਬਣਾ ਸਕਦਾ ਹੈ। ਕੰਮ ਨਾ ਕਰਨ ਵਾਲੇ ਮੱਨੁਖ ਨੂੰ ਕੋਈ ਪਸੰਦ ਨਹੀਂ ਕਰਦਾ। ਭਾਰਤ ਵਿੱਚ ਕੰਮ ਨੂੰ ਪੂਜਾ ਮੰਨਿਆਂ ਜਾਂਦਾ ਹੈ।

***ਪ੍ਰਸ਼ਨ :***

(i) ਕੁਦਰਤ ਦੇ ਵਿਰੁੱਧ ਕੌਣ ਹੈ? 1

(ii) ਢੁੱਕਵਾਂ ਸਿਰਲੇਖ ਲਿਖੋ। 1

(iii) ਮਨੁੱਖੀ ਸ਼ਰੀਰ ਕਿਸ ਲਈ ਬਣਿਆਂ ਹੈ? 2

(iv) ਕਿਹੜਾ ਸਰੀਰ ਕਦੇ ਵੀ ਰੋਗੀ ਨਹੀਂ ਬਣਦਾ? 1

**4.** **'ਰਾਮ ਖੇਤੀ ਕਰ ਰਿਹਾ ਹੈ'** ਵਾਕ ਵਿੱਚੋਂ ਨਾਂਵਾ ਦੀ ਪਦ-ਵੰਡ ਕਰੋ। 2

**5.** ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ***ਇੱਕ*** ਵਿਸ਼ੇ ਉੱਤੇ ਦਿੱਤੇ ਹੋਏ ਨੁਕਤਿਆਂ ਦੇ ਆਧਾਰ 'ਤੇ **200** ਸ਼ਬਦਾਂ ਦਾ ਲੇਖ ਲਿਖੋ : 5

(i) **ਵਾਤਾਵਰਨ ਪ੍ਰਦੂਸ਼ਨ**

**ਨੁਕਤੇ** : – ਧਰਤੀ ਉੱਤੇ ਜੀਵਨ ਦੀ ਉਪਜ, ਪ੍ਰਦੂਸ਼ਨ ਦਾ ਪਸਾਰ ਹਵਾ, ਜਲ, ਮਿੱਟੀ, ਸ਼ੋਰ ਸ਼ਰਾਬਾ ਸਾਵਧਾਨ ਹੋਣ ਦੀ ਲੋੜ ਸਾਰ-ਅੰਸ਼।

(ii) **ਬਸੰਤ ਰੁੱਤ**

**ਨੁਕਤੇ** : – ਰੂਪ ਰੇਖਾ-ਜਾਣ ਪਛਾਣ-ਖੁਸ਼ੀਆਂ ਦਾ ਪ੍ਰਗਟਾਵਾ ਇਤਿਹਾਸਿਕ ਮਹਾਨਤਾ-ਸੁਹਾਵਣੀ ਰੁੱਤ-ਸੱਜੀ ਫ਼ਬੀ ਕੁਦਰਤ-ਬਸੰਤ ਤੇ ਕਵਿਤਾ।

(iii) **ਸਮੇ ਦੀ ਕਦਰ**

**ਨੁਕਤੇ** : – ਰੂਪ ਰੇਖਾ-ਕੀਮਤੀ ਸਮਾਂ-ਸਾਡੀਆਂ ਆਦਤਾਂ-ਅਸੀ ਸਮੇ ਦਾ ਮੁੱਲ ਪਾਉਣਾ ਨਹੀਂ ਸਿੱਖੇ-ਸਮਾ ਨਸ਼ਟ ਕਰਨ ਦੇ ਨੁਕਸਾਨ-ਸਾਰ ਅੰਸ਼।

**6.** ਹੇਠ ਲਿਖੇ ਨੁਕਤਿਆਂ ਦੇ ਆਧਾਰ ਤੇ ਕੋਈ ਇੱਕ ਪੱਤਰ ਲਿਖੋ। 5

ਬੈਂਕ ਨੂੰ ਖਾਤਾ ਬੰਦ ਕਰਨ ਲਈ ਪੱਤਰ ਲਿਖੋ।

**ਨੁਕਤੇ** : – ਸਤਿਕਾਰ ਭਰੇ ਸ਼ਬਦ, ਸਹੂਲਤਾਂ ਦੀ ਥੋੜ, ਅਧਿਕਾਰੀ ਵਰਗ ਦਾ ਗਲਤ ਵਤੀਰਾ।

**ਜਾਂ**

ਸਹੇਲੀ ਨੂੰ ਚਿੱਠੀ ਲਿਖ ਕੇ ਉਸ ਦੀ ਭੈਣ ਦੇ ਹੋਣ ਵਾਲੇ ਵਿਆਹ ਤੇ ਬੇਲੋੜੇ ਖਰਚੇ ਨਾਂ ਕਰਨ ਦੀ ਸਲਾਹ।

**ਨੁਕਤੇ** : – ਸਤਿਕਾਰ ਭਰੇ ਸ਼ਬਦ, ਵਿਆਹ ਕੀ ਵਧਾਈ, ਸਾਦਾ ਵਿਆਹ ਕਰਨ ਦੀ ਤਾਕੀਦ, ਬੇਲੋੜੇ ਖਰਚਾ ਨਾਂ ਕਰਨ ਦੀ ਸਲਾਹ।

**7.** ਹੇਠ ਲਿਖੇ ਵਾਕ ਨੂੰ ਵਿਸਰਾਮ ਚਿੰਨ੍ਹ ਲਗਾ ਕੇ ਲਿਖੋ : 3

ਮੰਮੀ ਵੀਰ ਆਂ ਗਿਆ ਏ

**8.** ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕਿਸੇ ***ਇੱਕ*** ਮੁਹਾਵਰੇ ਨੂੰ ਅਰਥ ਸਹਿਤ ਵਾਕ ਵਿੱਚ ਵਰਤੋਂ :

(i) ਕੰਨ ਭਰਨੇ 1

(ii) ਉਸਤਾਦੀ ਕਰਨੀ 1

**ਭਾਗ – ਅ**

**9.** ਅਤਿ ਛੋਟੇ ਉੱਤਰਾਂ ਵਾਲੇ ਪ੍ਰਸ਼ਨ :

(i) ਕੁੱਖ ਵਿੱਚ ਪਈ ਧੀ ਮਾਂ ਤੋਂ ਕੀ ਮੰਗਦੀ ਹੈ? 1

(ੳ) ਜਨਮ (ਅ) ਪਾਣੀ

(ੲ) ਨਮਕ (ਸ) ਦੁੱਧ

(ii) ਕਵਿਤਾ ਵਿੱਚ ਮਾਂ ਕਿਸ ਨੂੰ ਕਿਹਾ ਗਿਆ ਹੈ? 1

(ੳ) ਹਵਾ ਨੂੰ (ਅ) ਧਰਤੀ ਨੂੰ

(ੲ) ਪਾਣੀ ਨੂੰ (ਸ) ਆਕਾਸ਼ ਨੂੰ

(iii) ਕਿਸ ਦੀ ਰਾਖੀ ਕਰਨੀ ਚਾਹੀਦੀ ਹੈ? 1

(ੳ) ਖੇਤਾਂ ਦੀ (ਅ) ਧਨ ਦੀ

(ੲ) ਘਰ ਦੀ (ਸ) ਗਊ, ਗਰੀਬ ਤੇ ਔਰਤ ਦੀ

(iv) ਦਾਦੀ ਕਹਾਣੀਆਂ ਕਿਸ ਨੂੰ ਸੁਣਾਏਗੀ? 1

(ੳ) ਗੁਆਂਢੀਆਂ ਨੂੰ (ਅ) ਦੋਹਤਿਆਂ ਨੂੰ

(ੲ) ਪੋਤੇ ਨੂੰ (ਸ) ਪੁੱਤਰਾਂ ਨੂੰ

(v) 'ਮੁਹੱਬਤ' ਸ਼ਬਦ ਦਾ ਕੀ ਅਰਥ ਹੈ? 1

(ੳ) ਨਫ਼ਰਤ (ਅ) ਵਿਆਹ

(ੲ) ਪਿਆਰ (ਸ) ਕੁੜਮਾਈ

**10.** ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ ***ਇੱਕ*** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 3

ਗੁੰਮ ਨੇ ਰਸੋਈ ਵਿਚੋਂ ਚਾਟੀਆਂ ਮਧਾਣੀਆਂ।
ਬਰਗਰਾਂ ਤੇ ਪੀਜ਼ਿਆਂ ਨੇ ਪੱਟੀਆਂ ਸੁਆਣੀਆਂ।
ਖਾਣ ਪੀਣ ਪਹਿਰਾਵਾ ਆਪਣਾ ਗੁਆਚਿਆਂ,
ਵਗੀਆਂ ਨੇ ਪੱਛਮੀ ਹਵਾਵਾਂ ਮਰ ਜਾਣੀਆਂ।

**ਜਾਂ**

ਘਰ ਤਾਂ ਮਾਂ ਦੇ ਨਾਲ ਹੀ ਸੋਹਣਾ-ਸੋਹਣਾ ਲਗਦਾ ਹੈ,
ਮਾਸੀ ਵੀ ਜੇ ਨਾਲ ਹੀ ਹੋਵੇ ਤਾਂ ਹੋਰ ਵੀ ਫਬਦਾ ਹੈ
ਸ਼ਾਲਾ ਵਸਦਾ ਰਵ੍ਹੇ ਹਮੇਸ਼ਾ ਜਹਾਨ ਪੰਜਾਬੀ ਦਾ।

**11.** ਅਤਿ ਛੋਟੇ ਪ੍ਰਸ਼ਨ (ਇੱਕ ਸ਼ਬਦ ਵਾਲੇ) :

(i) 'ਬੇਬੇ ਰਾਮ ਭਜਨੀ' ਇਕਾਂਗੀ ਦਾ ਲੇਖਕ ਕੌਣ ਹੈ? 1

(ii) ਬੀਬੀ ਭਾਨੀ ਜੀ ਦੇ ਪਿਤਾ ਜੀ ਦਾ ਕੀ ਨਾਂ ਸੀ? 1

(iii) ਭਾਰਤ ਸਰਕਾਰ ਨੇ ਮਿਲਖਾ ਸਿੰਘ ਨੂੰ ਕਿਹੜਾ ਸਨਮਾਨ ਦਿੱਤਾ? 1

**12.** ਅਤਿ ਛੋਟੇ ਪ੍ਰਸ਼ਨ (ਇੱਕ ਸ਼ਬਦ ਵਾਲੇ) :

(i) ਡਾ. ਕਲਾਮ ਭਾਰਤ ਦੇ ਰਾਸ਼ਟਰਪਤੀ ਕਦੋਂ ਬਣੇ ਸਨ? 1

(ii) 'ਬੀਬੀ ਭਾਨੀ ਜੀ' ਜੀਵਨੀ ਦਾ ਲੇਖਕ ਕੌਣ ਹੈ? 1

(iii) ਬੇਬੇ ਰਾਮ ਭਜਨੀ ਦੇ ਪਤੀ ਦਾ ਨਾਂ ਦੱਸੋ। 1

(iv) ਕਿਸਾਨ ਦੇ ਘਰ ਕੌਣ ਬੀਮਾਰ ਸੀ? 1

(v) ਨਾਵਲਕਾਰ ਨਾਨਕ ਸਿੰਘ ਦਾ ਜਨਮ ਕਦੋਂ ਹੋਇਆ? 1

**13.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ **20-25** ਸ਼ਬਦਾਂ ਵਿੱਚ ਲਿਖੋ :

(i) ਮਿਲਖਾ ਸਿੰਘ ਨੇ ਦੌੜ ਨੂੰ ਅਲਵਿਦਾ ਕਦੋਂ ਕਹੀ ? 2

(ii) ਟਾਹਲੀ ਉੱਤੇ ਬੈਠੇ ਤੋਤਾ-ਮੈਨਾ ਕੀ ਗੱਲਾਂ ਕਰਦੇ ਹਨ ? 2

(iii) ਅਧਿਆਪਕ ਮੋਹਣ ਲਾਲ ਨੂੰ ਕਿਸ ਦਾ ਡਰ ਸੀ ? 2

(iv) ਬੇਬੇ ਰਾਮ ਭਜਨੀ ਕੌਣ ਹੈ ? 2

**14.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ **20-25** ਸ਼ਬਦਾਂ ਵਿੱਚ ਲਿਖੋ :

(i) ਘਾਹ ਦੇ ਮੈਦਾਨ ਵਿੱਚ ਲੇਖਕ ਨੂੰ ਕਿਨ੍ਹਾਂ ਗੱਲਾਂ ਨੇ ਪ੍ਰਭਾਵਿਤ ਕੀਤਾ ? 2

(ii) ਅੰਮ੍ਰਿਤ ਵੇਲਾ ਕਿਸ ਨੂੰ ਕਹਿੰਦੇ ਹਨ ? 2

(iii) ਲੋਕ ਗੀਤਾਂ ਦੇ ਕਿਹੜੇ-ਕਿਹੜੇ ਰੂਪ ਹਨ ? 2

(iv) ਸੈਰ ਕਰਨ ਦੇ ਕੀ ਲਾਭ ਹਨ ? 2

**15.** 'ਬੀਬੀ ਭਾਨੀ ਜੀ' ਜੀਵਨੀ ਦਾ ਸੰਖੇਪ ਸਾਰ ਲਿਖੋ। 3

**ਜਾਂ**

ਧਰਮ ਬਾਰੇ ਡਾ. ਕਲਾਮ ਦੇ ਕੀ ਵਿਚਾਰ ਸਨ ?

**16.** ਮੀਨਾਕਸ਼ੀ ਦਾ ਚਰਿੱਤਰ ਚਿਤਰਨ ਕਰੋ। 3

**ਜਾਂ**

ਕੀ ਦੇਸ਼ ਦੀਆਂ ਸਰਹੱਦਾਂ ਵੰਡ ਕੇ ਲੋਕਾਂ ਦੇ ਦਿਲਾਂ ਦੀ ਵੰਡ ਹੋ ਸਕਦੀ ਹੈ ? ਆਪਣੇ ਘਰ ਦੇ ਵੱਡਿਆਂ ਨਾਲ ਵਿਚਾਰ ਸਾਂਝੇ ਕਰ ਕੇ ਉੱਤਰ ਦੱਸੋ।

**17.** ਵੱਡੇ ਉੱਤਰਾਂ ਵਾਲੇ ਪ੍ਰਸ਼ਨ **30-35** ਸ਼ਬਦਾਂ ਵਿੱਚ ਲਿਖੋ :

(i) ਵਿਆਹ ਵੇਲੇ ਪਰਿਵਾਰ ਵਿੱਚ ਕੀ-ਕੀ ਕੀਤਾ ਜਾਂਦਾ ਹੈ? ਪਾਠ ਦੇ ਆਧਾਰ 'ਤੇ ਦੱਸੋ। 3

**ਜਾਂ**

ਆਪਣੇ ਦੇਸ਼ ਵਿੱਚ ਤੁਹਾਨੂੰ ਕਿਹੜੀਆਂ-ਕਿਹੜੀਆਂ ਬੁਰਾਈਆਂ ਪਰੇਸ਼ਾਨ ਕਰਦੀਆਂ ਹਨ?

(ii) 'ਕੁੱਖ ਦੀ ਆਵਾਜ਼' ਕਵਿਤਾ ਵਿੱਚ ਧੀ ਮਾਂ ਨੂੰ ਕੀ ਕਹਿੰਦੀ ਹੈ? 3

**ਜਾਂ**

'ਮਾਣ ਪੰਜਾਬੀ ਦਾ' ਕਵਿਤਾ ਵਿੱਚ ਆਏ ਵਿਚਾਰਾਂ ਦਾ ਸਾਰ ਲਿਖੋ।

**18.** (i) ਈਅਰ-ਫੋਨ ਕਹਾਣੀ ਤੋਂ ਤੁਹਾਨੂੰ ਕੀ ਸਿੱਖਿਆਂ ਮਿਲਦੀ ਹੈ? 3

**ਜਾਂ**

ਦੋਹਾਂ ਗੁਆਂਢਣਾ ਵਿੱਚ ਅਣਬਣ ਦਾ ਕੀ ਕਾਰਨ ਸੀ?

(ii) ਰਜਨੀ ਦਾ ਚਰਿਤੱਰ ਚਿਤਰਨ ਕਰੋ। 3

**ਜਾਂ**

ਨਾਨੀ ਦਾ ਪਿਆਰ ਕਹਾਣੀ ਦਾ ਵਿਸ਼ਾ ਵਸਤੂ ਲਿਖੋ।